ਪੰਜਾਬ ਸਰਕਾਰ
ਸਿੱਖਿਆ ਵਿਭਾਗ

(Through website)

ਵੱਲ,

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ,
2 ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿੱ/ਐ:ਸਿੱ),
3 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐ:ਸਿ),ਪੰਜਾਬ।
4 ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਪੰਜਾਬ ਰਾਜ ਵਿੱਚ।
5 ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ ਰਾਜ ਵਿੱਚ।

ਮੀਮੋ ਨੰ; 18/32/2018-5ਸਿੱ2/1502285/1-5
ਮਿਤੀ ਚੰਡੀਗੜ੍ਹ 24/1/19

ਵਿਸ਼ਾ ; **ਸਰਕਾਰੀ ਵਿਭਾਗਾਂ ਵਿੱਚ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਆਸਾਮੀਆਂ ਤੇ ਨਿਯੁੱਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਤਨਖਾਹ ਨਿਸ਼ਚਿਤ ਕਰਨ ਸਬੰਧੀ ਸਪੱਸ਼ਟੀਕਰਨ।**

ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ, ਸਕੂਲ ਮੁੱਖੀਆ ਅਤੇ ਸਬੰਧਤ ਕਰਮਚਾਰੀਆਂ ਜਿਨ੍ਹਾਂ ਦਾ ਸਿੱਖਿਆ ਵਿਭਾਗ ਵਿੱਚ ਹਾਜ਼ਰ ਹੋਣ ਤੋਂ ਪਹਿਲਾਂ ਕਿਸੇ ਆਸਾਮੀ ਤੇ ਲੀਅਨ ਸੀ, ਵੱਲੋਂ ਪ੍ਰੋਬੇਸ਼ਨ ਮੁਕੰਮਲ ਹੋਣ ਤੇ ਤਨਖਾਹ ਨਿਸ਼ਚਿਤ ਕਰਨ ਸਬੰਧੀ ਕੁੱਝ ਨੁਕਤਿਆ ਤੇ ਸਪੱਸ਼ਟੀਕਰਨ ਮੰਗੇ ਗਏ ਸਨ, ਜੋ ਕਿ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ: | ਪੁੱਛੇ ਗਏ ਨੁਕਤੇ | ਸਪੱਸ਼ਟੀਕਰਨ । |
|---|---|---|
| 1 | ਭਰਤੀ ਤੋਂ ਬਾਅਦ ਡੀ.ਏ. ਦੀ ਦਰ ਵਿੱਚ ਹੋਏ ਵਾਧੇ ਅਨੁਸਾਰ ਡੀ.ਏ. ਵਧੇਗਾ। | ਜਿਸ ਕਰਮਚਾਰੀ ਦੀ ਤਨਖਾਹ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 25-09-2017 ਅਨੁਸਾਰ ਪ੍ਰੋਟੈਕਟ ਕੀਤੀ ਗਈ ਹੈ ਅਤੇ ਤਨਖਾਹ ਪ੍ਰੋਟੈਕਟ ਹੋਣ ਉਪਰੰਤ ਜੇਕਰ ਸਰਕਾਰ ਵੱਲੋਂ ਡੀ.ਏ ਦੀ ਦਰ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਕਰਮਚਾਰੀ ਨੂੰ ਵਧੀ ਹੋਈ ਦਰ ਤੇ ਹੀ ਡੀ.ਏ. ਦੀ ਅਦਾਇਗੀ ਕੀਤੀ ਜਾਣੀ ਬਣਦੀ ਹੈ। |
| 2 | ਜਿਨ੍ਹਾਂ ਕਰਮਚਾਰੀਆਂ ਦੀ ਤਨਖਾਹ ਪ੍ਰੋਟੈਕਟ ਕੀਤੀ ਗਈ ਹੈ ਪ੍ਰੋਬੇਸ਼ਨ ਸਮਾਂ ਮੁਕੰਮਲ ਹੋਣ ਤੇ ਉਨ੍ਹਾਂ ਦੀ ਪੇ ਇੰਨ-ਪੇ-ਬੈਂਡ ਪ੍ਰੋਟੈਕਟ ਕਰਦੇ ਹੋਏ ਕੇਵਲ ਗ੍ਰੇਡ ਪੇ ਵਿੱਚ ਵਾਧਾ ਕੀਤਾ ਜਾਵੇ ਜਾਂ ਫਿਰ ਨਿਯਮਾਂ ਅਨੁਸਾਰ ਬੇਸਿਕ-ਪੇ ਪ੍ਰੋਟੈਕਟ ਕਰਦੇ ਹੋਏ ਪੇ-ਇੰਨ-ਪੇ-ਬੈਂਡ ਐਡਜਸਟ ਕੀਤੀ ਜਾਵੇ। | ਪ੍ਰੋਬੇਸ਼ਨ ਸਮਾਂ ਮੁਕੰਮਲ ਹੋਣ ਤੇ ਸਬੰਧਤ ਕਰਮਚਾਰੀਆਂ ਦੀ ਪੇਅ ਇੰਨ ਪੇਅ ਬੈਂਡ ਪ੍ਰੋਟੈਕਟ ਕਰਦੇ ਹੋਏ ਗ੍ਰੇਡ ਪੇਅ ਨਵੀਂ ਪੋਸਟ ਵਾਲੀ ਦਿੱਤੀ ਜਾਣੀ ਹੈ। |

| | | |
|---|---|---|
| 3 | ਪਿਛਲੀ ਲੀਅਨ ਵਾਲੀ ਆਸਾਮੀ ਤੇ ਮਿਲਣਯੋਗ ਸਾਲਾਨਾ ਤਰੱਕੀਆਂ ਜੋ ਕਿ ਪਰਖ ਕਾਲ ਸਮੇਂ ਦੌਰਾਨ ਨਹੀਂ ਦਿੱਤੀਆਂ ਗਈਆ ਪਰਖ ਸਮਾਂ ਮੁਕੰਮਲ ਹੋਣ ਤੇ ਕਰਮਚਾਰੀ ਨੂੰ ਦੇਣੀਆਂ ਹਨ, ਜਾਂ ਨਹੀ। ਜੇਕਰ ਦੇਣੀਆਂ ਹਨ ਤਾਂ ਕੀ ਏਰੀਅਰ ਵੀ ਦਿੱਤਾ ਜਾਣਾ ਹੈ। | ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਮਿਤੀ 25-09-2017 ਅਨੁਸਾਰ ਜਿਸ ਕਰਮਚਾਰੀ ਨੂੰ ਪ੍ਰੋਬੇਸ਼ਨ ਦੌਰਾਨ ਪਿਛਲੀ ਲੀਅਨ ਵਾਲੀ ਪੋਸਟ ਦੀ ਤਨਖਾਹ ਦਿੱਤੀ ਗਈ ਹੈ, ਉਸ ਕਰਮਚਾਰੀ ਨੂੰ ਪੰਜਾਬ ਸਿਵਲ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1, ਭਾਗ -1 ਦੇ ਨਿਯਮ 4.9 ਦੇ ਹੇਠ ਨੋਟ 4 ਅਨੁਸਾਰ ਸਲਾਨਾ ਤਰੱਕੀ ਪਿਛਲੀ ਪੋਸਟ ਦੀ ਤਨਖਾਹ ਤੇ ਹੀ ਦੇਣ ਉਪਰੰਤ ਪ੍ਰੋਬੇਸ਼ਨ ਸਮਾਂ ਖਤਮ ਹੋਣ ਤੇ ਨਵੀਂ ਪੋਸਟ ਦੇ ਤਨਖਾਹ ਸਕੇਲ ਵਿੱਚ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਜਿਲਦ-1, ਭਾਗ-1 ਦੇ ਨਿਯਮ 4.4 ਅਨੁਸਾਰ ਨਿਸਚਿਤ ਕੀਤੀ ਜਾਣੀ ਬਣਦੀ ਹੈ। |
| 4 | ਕਰਮਚਾਰੀ ਦੀ ਸਾਲਾਨਾ ਤਰੱਕੀ ਦੀ ਮਿਤੀ ਪਿਛਲੀ ਆਸਾਮੀ ਵਾਲੀ ਰਹੇਗੀ ਜਾਂ ਫਿਰ ਪ੍ਰੋਬੇਸ਼ਨ ਸਮਾਂ ਮੁਕੰਮਲ ਹੋਣ ਦੀ ਮਿਤੀ ਤੋਂ 12 ਮਹੀਨੇ ਦੀ ਸੇਵਾ ਉਪਰੰਤ ਦਿੱਤੀ ਜਾਵੇਗੀ। | ਜੇਕਰ ਕਰਮਚਾਰੀ ਦੀ ਤਨਖਾਹ ਨਵੀਂ ਪੋਸਟ ਦੀ ਮੁੱਢਲੀ ਤਨਖਾਹ ਤੇ ਫਿਕਸ ਹੁੰਦੀ ਹੈ ਤਾਂ ਸਲਾਨਾ ਤਰੱਕੀ 12 ਮਹੀਨੇ ਦੀ ਸੇਵਾ ਉਪਰੰਤ ਦਿੱਤੀ ਜਾਵੇਗੀ। ਜੇਕਰ ਕਰਮਚਾਰੀ ਦੀ ਪਿਛਲੀ ਆਸਾਮੀ ਵਾਲੀ ਤਨਖਾਹ ਨਵੀਂ ਆਸਾਮੀ ਦੀ ਮੁੱਢਲੀ ਤਨਖਾਹ ਤੋਂ ਵੱਧ ਹੋਵੇ ਤਾਂ ਸਲਾਨਾ ਤਰੱਕੀ ਦੀ ਮਿਤੀ ਪਿਛਲੀ ਆਸਾਮੀ ਵਾਲੀ ਹੀ ਰਹੇਗੀ। |

ਉਪਰੋਕਤ ਸਪੱਸ਼ਟੀਕਰਨ ਵਿੱਤ ਵਿਭਾਗ ਵੱਲੋਂ ਅੰ.ਵਿ.ਪੱ.ਨੰ 6/39/2018-1ਐਫ.ਪੀ.2/09 ਮਿਤੀ 14-01-2019 ਰਾਹੀਂ ਦਿੱਤੀ ਗਈ ਸਲਾਹ ਅਨੁਸਾਰ ਜਾਰੀ ਕੀਤੇ ਗਏ ਹਨ।

ਸਕੱਤਰ ਸਕੂਲ ਸਿੱਖਿਆ